# ਆਇਰਸ਼ਰ ਬਰਾਬਰੀ ਸਾਂਝਦਾਰੀ ਖ਼ਬਰਪੱਤਰ
# (AYRSHIRE EQUALITY PARTNERSHIP NEWSLETTER)

ਇਹ ਖ਼ਬਰਪੱਤਰ ਤੁਹਾਨੂੰ ਦੱਸਣ ਲਈ ਲਿੱਖਿਆ ਗਿਆ ਹੈ ਕਿ ਜੋ ਸਰਵੇਖਣ ਕੁੱਝ ਸਾਲ ਪਹਿਲਾਂ ਕੀਤਾ ਗਿਆ ਸੀ ਉਸ ਪ੍ਰਤੀ ਅਸੀਂ ਕੀ ਕਾਰਵਾਈ ਕੀਤੀ ਹੈ। 2005 ਵਿੱਚ ਆਇਰਸ਼ਰ ਬਰਾਬਰੀ ਸਾਂਝਦਾਰੀ (Ayrshire Equality Partnership) ਨੇ ਆਇਰਸ਼ਰ (Ayrshire) ਭਰ ਵਿੱਚ ਆਇਰਸ਼ਰ ਵਿੱਚ ਰਹਿੰਦੇ ਨਸਲੀ ਮੂਲ ਦੇ ਭਾਈਚਾਰੇ ਦੀਆਂ ਲੋੜਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਵਾਲਨਾਮਾ ਜਾਰੀ ਕੀਤਾ ਸੀ।

ਇਸ ਸਾਂਝਦਾਰੀ (Partnership) ਵਿੱਚ 3 ਆਇਰਸ਼ਰ ਦੀਆਂ ਕੌਂਸਲਾਂ (Ayrshire Councils), ਐਨ.ਏਚ.ਐਸ. ਆਇਰਸ਼ਰ ਅਤੇ ਅਰੱਨ (NHS Ayrshire & Arran), ਪੁਲਿਸ, ਅੱਗ ਬੁਝਾ ਅਤੇ ਬਚਾ (Fire and Rescue) ਅਤੇ ਪਰੋਕਿਊਰੇਟਰ ਫਿਸਕਲ (Procurator Fiscal) ਸ਼ਾਮਲ ਹਨ। ਸੇਵਾਵਾਂ ਕਿਸ ਤਰਾਂ ਸੁਧਾਰੀਆਂ ਜਾ ਸਕਦੀਆਂ ਹਨ ਬਾਰੇ ਸਮਝਣ ਦੇ ਇਹ ਚਾਹਵਾਨ ਸਨ।

147 ਸਰਵੇਖਣ ਦੇ ਫ਼ਾਰਮ ਪੂਰੇ ਕੀਤੇ ਗਏ ਸਨ। ਸੱਭ ਤੋਂ ਵੱਡੀ ਗਿਣਤੀ ਵਿੱਚ ਉੱਤਰ ਚੀਨੀ ਭਾਈਚਾਰੇ ਤੋਂ ਆਇਆ ਅਤੇ ਪਾਕਿਸਤਾਨੀ ਅਤੇ ਭਾਰਤੀ ਭਾਈਚਾਰੇ ਤੋਂ ਇਸ਼ ਤੋਂ ਘੱਟ ਗਿਣਤੀ ਵਿੱਚ ਉੱਤਰ ਦਿੱਤਾ ਗਿਆ। ਸਰਵੇਖਣ ਨੇ ਲਭਕਾਰੀ ਜਾਣਕਾਰੀ ਪ੍ਰਦਾਨ ਕੀਤੀ ਜਿਸ ਨਾਲ ਜਨਤਕ ਸੇਵਾਵਾਂ ਦੀ ਭਿਵਿੱਖ ਲਈ ਯੋਜਨਾਬੰਦੀ ਕਰਨ ਵਿੱਚ ਮਦਦ ਹੋਈ ਹੈ। ਜੋ ਕਈ ਪ੍ਰਕਾਰ ਦੇ ਮਸਲੇ ਤੁਸੀਂ ਉਠਾਏ ਸਨ ਉਨ੍ਹਾਂ ਨੂੰ ਸਾਂਝਦਾਰੀ ਅਗਾਂਹ ਲਿਜਾਂਦੀ ਰਹੀ ਹੈ ਅਤੇ ਜੋ ਕਾਰਜਕਾਰੀ ਪਿੱਛਲੇ ਕੁੱਝ ਸਾਲਾਂ ਦੌਰਾਨ ਕੀਤੀ ਗਈ ਹੈ ਉਸ ਬਾਰੇ ਇਹ ਖ਼ਬਰਪੱਤਰ ਸੰਖੇਪ ਵਿੱਚ ਬਿਆਨ ਕਰਦਾ ਹੈ।

**ਸਰਵੇਖਣ ਨੇ ਆਖਿਆ –** ਸੱਭ ਤੋਂ ਮਹਤੱਵਪੂਰਨ ਮਸਲਾ ਦੋਭਾਸ਼ੀਏ ਅਤੇ ਘੱਟ ਗਿਣਤੀ ਭਾਸ਼ਾਵਾਂ ਵਿੱਚ ਜਾਣਕਾਰੀ ਪ੍ਰਦਾਨ ਕਰਨ ਸੰਬੰਧੀ ਹੈ।

**ਅਸੀਂ ਇਹ ਕੁੱਝ ਕੀਤਾ –** ਤਿੰਨ ਆਇਰਸ਼ਰ ਦੀਆਂ ਕੌਂਸਲਾਂ (Ayrshire Councils), ਐਨ.ਏਚ.ਐਸ. ਆਇਰਸ਼ਰ ਅਤੇ ਅਰੱਨ (NHS Ayrshire and Arran) ਅਤੇ ਸਟਰਾਥਕਲਾਇਡ ਪੁਲਿਸ (Strathclyde Police) ਸੱਭ ਕੋਲ ਦੋਭਾਸ਼ਾਈ ਅਤੇ ਅਨੁਵਾਦਕਾਰੀ ਸੇਵਾਵਾਂ ਸਥਾਪਿਤ ਕੀਤੀਆਂ ਹੋਈਆਂ ਹਨ ਅਤੇ ਇਨ੍ਹਾਂ ਦੀਆਂ ਪ੍ਰਕਾਸ਼ਤਾਂ ਹੋਰ ਭਾਸ਼ਾਵਾਂ ਅਤੇ ਰੂਪਾਂ ਵਿੱਚ ਉਪਲਬੱਧ ਹਨ। ਦੋਭਾਸ਼ਾਈ ਅਤੇ ਅਨੁਵਾਦਕਾਰੀ ਸੇਵਾਵਾਂ ਦੀ ਉਪਲਬੱਧਤਾ ਦੀ ਉੱਨਤੀ ਭਾਈਚਾਰਿਕ ਕਾਨਫਰੰਸਾਂ ਅਤੇ ਸਥਾਨਿਕ ਸਮਾਗਮਾਂ ਤੇ ਕੀਤੀ ਗਈ ਹੈ। ਗਾਹਕਾਂ ਲਈ ਦੋਭਾਸ਼ਾਈ ਅਤੇ ਅਨੁਵਾਦਕਾਰੀ ਸੇਵਾਵਾਂ ਕਿਸ ਤੜ੍ਹਾਂ ਪ੍ਰਾਪਤ ਕਰਨੀਆਂ ਹਨ ਬਾਰੇ ਕੌਂਸਲ ਅਤੇ ਸਿਹਤ ਮੁਲਾਜ਼ਮਾਂ ਲਈ ਸੇਧ ਉਤਪਾਦਿੱਤ ਕੀਤੀ ਗਈ ਹੈ। ਲੋੜੀਂਦੀ ਭਾਸ਼ਾ ਦੀ ਪਛਾਣ ਕਰਨ ਵਿੱਚ ਮਦਦ ਲਈ ਜਨਤਕ ਦਫ਼ਤਰਾਂ ਵਿੱਚ ਭਾਸ਼ਾ ਦੇ ਚਾਰਟ ਉਪਲਬੱਧ ਹਨ। ਪਰੋਕਿਊਰੇਟਰ ਫਿਸਕਲ (Procurator Fiscal) ਨੇ ਦੋਭਾਸ਼ਾਈ ਅਤੇ ਅਨੁਵਾਦਕਾਰੀ ਸੇਵਾਵਾਂ ਸਥਾਪਿਤ ਕੀਤੀਆਂ ਹੋਈਆਂ ਹਨ ਅਤੇ ਆਪਣੀਆਂ ਸੇਵਾਵਾਂ ਬਾਰੇ ਵਿਅਕਤੀ ਦੀ ਮਨ ਪਸੰਦ ਭਾਸ਼ਾ ਅਤੇ ਉਸ ਦੀਆਂ ਲੋੜਾਂ ਅਨੁਕੂਲ ਰੂਪ ਵਿੱਚ ਮੁਹੱਈਅਅ ਕਰੇਗਾ।

**ਸਰਵੇਖਣ ਨੇ ਆਖਿਆ** – ਕਿ ਤੁਹਾਨੂੰ ਸੱਭਿਆਚਾਰਿਕ ਢੁੱਕਵੀਆਂ ਸਹੂਲਤਾਂ ਜਿਸ ਤਰ੍ਹਾਂ ਕਿ ਮਰਦਾਂ ਔਰਤਾਂ ਲਈ ਅਲੱਗ ਅਲੱਗ ਤਰਨ ਦੀਆਂ ਸਹੂਲਤਾਂ, ਭਾਈਚਾਰਕ ਕੇਂਦਰਾਂ ਤੱਕ ਪਹੁੰਚ ਅਤੇ ਧਾਰਮਿਕ ਸਮਾਗਮਾਂ ਦੇ ਸਹਾਰੇ ਲਈ ਗ੍ਰਾਂਟ ਚਾਹੀਦੇ ਹਨ।

**ਅਸੀਂ ਇਹ ਕੁੱਝ ਕੀਤਾ –** ਸਥਾਨਿਕ ਲੈਜ਼ਰ ਸੈਂਟਰਾਂ ਵਿੱਚ ਲੋੜ ਅਨੁਸਾਰ ਕੇਵਲ ਔਰਤਾਂ ਲਈ ਤਰਨ ਦੇ ਸੈਸ਼ਨ ਉਲਬੱਧ ਹਨ। ਆਇਰਸ਼ਰ ਨਸਲੀ ਘੱਟ ਗਿਣਤੀ ਭਾਈਚਾਰਕ ਏਸੋਸੀਏਸ਼ਨ (ਏ.ਐਮ.ਈ.ਸੀ.ਏ) (Ayrshire Minority Ethnic Community Association (AMECA)), ਪੂਰਬ ਆਇਰਸ਼ਰ ਵਿੱਚ ਅਲ-ਹੁਡਾ ਇਸਲਾਮੀ ਵਿੱਦਿਆ ਕੇਂਦਰ (Al-Huda Islamic Education Centre in East Ayrshire), ਦੱਖਣ ਆਇਰਸ਼ਰ ਵਿੱਚ ਪੋਲਿਸ਼ ਮਾਪਿਆਂ ਦਾ ਸਹਾਇਕ ਸਮੂਹ (Polish Parents Support Group in South Ayrshire) ਅਤੇ ਕੁੱਝ ਹੋਰ ਸਥਾਨਿਕ ਸਮੂਹਾਂ ਨੂੰ ਪਹਿਲਾਂ ਹੀ ਸਹਾਇਤਾ ਦਿੱਤੀ ਜਾ ਚੁੱਕੀ ਹੈ। (Kilmarnock) ਅਤੇ ਇਰਵਾਇਨ (Irvine) ਵਿੱਚ ਮੁਸਲਮਾਨ ਭਾਈਚਾਰੇ ਲਈ ਸ਼ੁੱਕਰਵਾਰ ਦੀ ਪ੍ਰਾਰਥਨਾ ਕਰਨ ਲਈ ਸਹੂਲਤਾਂ ਹਨ। ਸਿੱਖ ਭਾਈਚਾਰੇ ਨੇ ਕੁੱਝ ਸਮਾਂ ਪਹਿਲਾਂ ਇਰਵਾਇਨ ਦੀ ਲਾਈਬ੍ਰੇਰੀ ਵਿੱਚ ਸਕੂਲ ਦੇ ਬੱਚਿਆਂ ਨਾਲ ਆਪਣਾ ਸਾਲਾਨਾ ਵਿਸਾਖੀ ਦਾ ਸਮਾਗਮ ਮਨਾਇਅਮ ਸੀ। ਚੀਨੀ ਨਵੇਂ ਸਾਲ ਦੇ ਜਸ਼ਨ ਫਰਵਰੀ 2010 ਵਿੱਚ ਆਇਰਸ਼ਰ ਭਰ ਵਿੱਚ ਮਨਾਏ ਗਏ ਸਨ। ਉੱਤਰ ਆਰਿਸ਼ਰ (North Ayrshire) ਵਿੱਚ ਹੁਣ ਨਸਲੀ ਘੱਟ ਗਿਣਤੀ ਭਾਈਚਾਰਾ ਲਗਾਤਾਰ ਸਥਾਨਿਕ ਭਾਈਚਾਰਕ ਸਹੂਲਤਾਂ ਵਰਤਦਾ ਹੈ ਅਤੇ ਸਥਾਨਿਕ ਅਤੇ ਰਾਸ਼ਟਰੀ ਫੰਡ ਦੇਣ ਵਾਲੀਆਂ ਸੰਸਥਵਾਂ ਤੋਂ ਗ੍ਰਾਂਟ ਮਦਦ ਲਈ ਅਰਜ਼ੀ ਦੇਣ ਅਤੇ ਪ੍ਰਾਪਤ ਕਰਨ ਵਿੱਚ ਸਹਾਇਤਾ ਦਿੱਤੀ ਗਈ ਹੈ।

**ਸਰਵੇਖਣ ਨੇ ਆਖਿਆ** – ਬਹੁਤੇ ਨਸਲੀ ਘੱਟ ਗਿਣਤੀ ਦੇ ਲੋਕ ਭਾਈਚਾਰਕ ਸੁਰੱਖਿਆ ਬਾਰੇ ਚਿੰਤਤ ਹਨ, ਖਾਸ ਤੌਰ ਤੇ ਨੌਜਵਾਨ ਲੋਕਾਂ ਦਾ ਆਂਡ ਗੁਆਂਢ ਵਿੱਚ ਆਸ਼ ਪਾਸ ਖੜੇ ਰਹਿਣਾ ਅਤੇ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੀ ਦੁਰਵਰਤੋਂ।

**ਅਸੀਂ ਇਹ ਕੁੱਝ ਕੀਤਾ** – ਸਟਰਾਥਕਲਾਇਡ ਪੁਲਿਸ ਨੇ ਆਇਰਸ਼ਰ ਵਿੱਚ ਆਪਣੀਆਂ ਭਾਈਚਾਰਿਕ ਪੁਲਿਸ ਕਾਰਜਕਾਰੀ ਟੀਮਾਂ (Community Policing Teams) ਦੁਆਰਾ ਕਈ ਪਹਿਲ ਕਦਮੀਆਂ ਪੂਰੀਆਂ ਕੀਤੀਆਂ ਹਨ। ਇਸ ਵਿੱਚ ਨਸਲੀ ਤੰਗੀ ਪ੍ਰੇਸ਼ਾਨੀ ਦਾ ਟਾਕਰਾ ਕਰਨ ਲਈ ਸੀ.ਸੀ.ਟੀਵੀ. ਕੈਮਰਿਆਂ ਦੀ ਵਰਤੋਂ ਵੀ ਸ਼ਾਮਲ ਹੈ।

**ਸਰਵੇਖਣ ਨੇ ਆਖਿਆ** – ਕਿ ਆਇਰਸ਼ਰ ਵਿੱਚ ਨਸਲੀ ਘੱਟ ਗਿਣਤੀ ਦਾ 30% ਭਾਈਚਾਰਾ ਨਸਲਵਾਦ ਬਾਰੇ ਫਿਕਰਮੰਦ ਹੈ ਅਤੇ 36% ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ, ਜਿਆਦਾਤਰ ਜਬਾਨੀ ਨਸਲੀ ਦੁਰਵਿਹਾਰ ਦੇ ਰੂਪ ਵਿੱਚ।

**ਅਸੀਂ ਇਹ ਕੁੱਝ ਕੀਤਾ** – ਨਫ਼ਰਤ ਅਪਰਾਧ (Hate Crime) ਪ੍ਰਤੀ ਬਹੁ ਏਜੰਸੀ ਸਾਂਝਦਾਰੀਆਂ (Multi Agency Partnerships) ਸੱਭ ਤਿੰਨੇ ਹੀ ਸਥਾਨਿਕ ਅਥੌਰੀਟੀਆਂ ਦੇ ਇਲਾਕਿਆਂ ਵਿੱਚ ਸਥਾਪਿਤ ਕੀਤੀਆਂ ਗਈ ਹਨ ਅਤੇ ਸਾਂਝਦਾਰਾਂ ਵੱਲੋਂ ਨਸਲੀ ਦੁਰਵਿਹਾਰ ਦੀਆਂ ਅੰਕਿਤ ਘੱਟਨਵਾਂ ਬਾਰੇ ਇਨ੍ਹਾਂ ਨੂੰ ਲਗਾਤਾਰ ਰਿਪੋਰਟਾਂ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਸਕੂਲਾਂ ਵਿੱਚ ਹੋਈਆਂ ਘੱਟਨਾਵਾਂ ਬਾਰੇ ਵੀ ਇਨ੍ਹਾਂ ਸਮੂਹਾਂ ਨੂੰ ਇਤਲਾਹ ਦਿੱਤੀ ਜਾਂਦੀ ਹੈ। ਨਸਲਵਾਦ ਦਾ ਟਾਕਰਾ ਕਰਨ ਅਤੇ ਵਧੇਰੇ ਸਧਾਰਨ ਵਿਤਕਰੇ ਪ੍ਰਤੀ ਰਊਂ ਨੂੰ ਵੰਗਾਰਨ ਦੇ ਮਨੌਰਥ ਨਾਲ ਸਥਾਨਿਕ ਸਕੂਲਾਂ ਨੇ ਵੀ ਕੁੱਝ ਗਿਣਤੀ ਦੀਆਂ ਪਹਿਲ ਕਦਮੀਆਂ ਸ਼ੁਰੂ ਕੀਤੀਆਂ ਹਨ ਜਿਸ ਵਿੱਚ "ਨਸਲਵਾਦ ਨੂੰ ਲਾਲ ਝੰਡੀ ਦਿਖਾਓ" ("Show Racism the Red Card") ਵਰਕਸ਼ਾਪਾਂ ਅਤੇ ਸੈਸ਼ਨ ਵੀ ਸ਼ਾਮਲ ਹਨ।

ਉੱਤਰ ਅਤੇ ਦੱਖਣ ਆਇਰਸ਼ਰ ਵਿੱਚ ਜਿਪਸੀ ਸਫ਼ਰੀ ਭਾਈਚਾਰੇ (Gypsy Travellers Community) ਨੂੰ ਮਦਦ ਦਿੱਤੀ ਗਈ ਹੈ। ਰੈਡਬਰਨ ਸਫਰੀ ਲੋਕਾਂ ਦੇ ਸਥਾਨ (Redburn Travelling Peoples Site) ਨੂੰ ਹੈਲਥ ਵੀਜ਼ੀਟਰਾਂ, ਅੱਖਰ ਗਿਆਨ ਕਾਮਿਆਂ, ਨੌਜਵਾਨ ਸੇਵਾਵਾਂ ਅਤੇ ਬੱਚਿਆਂ ਤੱਕ ਪਹੁੰਚ ਕਰਨ ਵਾਲੇ ਕਾਮਿਆਂ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਇਹ ਸੇਵਾਵਾਂ ਗਿਰਵਨ ਵਿੱਖੇ ਸਫਰੀ ਲੋਕਾਂ ਦੇ ਸਥਾਨ (Travelling People's Site at Girvan) ਤੇ ਵੀ ਉਪਲਬੱਧ ਹਨ।

**ਸਰਵੇਖਣ ਨੇ ਆਖਿਆ** – ਉੱਤਰ ਦੇਣ ਵਾਲੇ 4 ਵਿੱਚੋਂ 1 ਡੈਂਟਿਸਟ ਨਾਲ ਰਜਿਸਟਰ ਨਹੀਂ ਹੋਇਆ।

**ਅਸੀਂ ਇਹ ਕੁੱਝ ਕੀਤਾ** – ਜੋ ਮਰੀਜ਼ ਐਨ.ਏਚ.ਐਸ. ਡੈਂਟਿਸਟ ਨਾਲ ਰਜਿਸਟਰ ਨਹੀਂ, ਜਾਂ ਰਜਿਸਟਰ ਹੋ ਨਹੀਂ ਸਕਦੇ ਉਨ੍ਹਾਂ ਦੇ ਦੰਦਸਾਜ਼ੀ ਇਲਾਜ਼ ਲਈ ਐਨ.ਏਚ.ਐਸ. ਆਇਰਸ਼ਰ ਅਤੇ ਅਰੱਨ ਨੇ ਤਿੰਨਾਂ ਹੀ ਸਥਾਨਿਕ ਅਥੌਰੋਟੀਆਂ ਵਿੱਚ ਪਹੁੰਚ ਕੇਂਦਰ ਸਥਾਪਿਤ ਕਰ ਦਿੱਤੇ ਹਨ। ਦੰਦਸਾਜ਼ੀ ਇਲਾਜ਼ ਲਈ ਅਮਰਜੈਂਸੀ ਕਾਲ ਲੈਣ ਲਈ ਅਮਰਜੈਂਸੀ ਮਦਦਲਾਈਨ ਸਥਾਪਿਤ ਕੀਤੀ ਗਈ ਹੈ। ਵਰਤਮਾਨ ਸਮੇਂ 28 ਡੈਂਟਿਸਟ ਹਨ ਜੋ ਆਇਰਸ਼ਰ ਵਿੱਚ ਹਾਲੇ ਵੀ ਐਨ.ਏਚ.ਐਸ. ਮਰੀਜ਼ ਰਜਿਸਟਰ ਕਰੀ ਜਾਂਦੇ ਹਨ। ਅੰਗਰੇਜ਼ੀ ਨਾ ਬੋਲਣ ਵਾਲੇ ਮਰੀਜ਼ਾਂ ਲਈ ਲਾਂਗਵਿੱਜ-ਲਾਇਨ ਦੋਭਾਸ਼ਾਈ ਸੇਵਾਵਾਂ ਉਪਲਬੱਧ ਹਨ।

**ਸਰਵੇਖਣ ਨੇ ਆਖਿਆ** – ਕਿ ਭਾਵੇਂ ਕਾਫ਼ੀ ਘੱਟ ਲੋਕਾਂ ਨੇ ਜਨਤਕ ਸੇਵਾਵਾਂ ਬਾਰੇ ਸ਼ਿਕਾਇਤ ਕੀਤੀ ਹੈ, 14% ਸ਼ਿਕਾਇਤ ਕਰਨਾ ਚਹੁੰਦੇ ਸਨ ਪਰ ਉਨ੍ਹਾਂ ਨੂੰ ਪੱਕਾ ਪਤਾ ਨਹੀਂ ਸੀ ਕਿ ਕਿਸ ਤਰ੍ਹਾਂ ਕਰਨੀ ਹੈ।

**ਅਸੀਂ ਇਹ ਕੁੱਝ ਕੀਤਾ** – ਸੱਭ ਸਾਂਝਦਾਰ ਆਪਣੇ ਗਾਹਕਾਂ ਦੀਆਂ ਟੀਕਾ ਟਿੱਪਣੀਆਂ ਅਤੇ ਸ਼ਿਕਾਇਤਾਂ ਦੀਆਂ ਪ੍ਰਤੀ ਕਾਰਵਾਈਆਂ ਦਾ ਨਵੀਨੀਕਰਨ ਅਤੇ ਸੁਧਾਰ ਕਰ ਰਹੇ ਹਨ। ਇਹ ਉਨ੍ਹਾਂ ਦੇ ਵੈਬਸਾਈਟ ਤੇ ਉਪਲਬੱਧ ਹਨ ਅਤੇ ਉਨ੍ਹਾਂ ਦੇ ਸੰਪਰਕ ਨੰਬਰ ਵੀ ਹੇਠਾਂ ਦਿੱਤੇ ਗਏ ਹਨ।

| ਸੰਸਥਾ | ਸੰਪਰਕ ਨੰਬਰ | ਵੈਬਸਾਈਟ ਲਿੰਕ |
|---|---|---|
| ਸਟਰਾਥਕਲਾਇਡ ਪੁਲਿਸ (Strathclyde Police) | 0141 532 2000 | www.strathclyde.police.co.uk |
| ਸਟਰਾਥਕਲਾਇਡ ਅੱਗ ਬੁਝਾ ਅਤੇ ਬਚਾ (Strathclyde Fire and Rescue) | 01698 300999 | www.strathclydefire.org |
| ਐਨ.ਏਚ.ਐਸ. ਆਇਰਸ਼ਰ ਅਤੇ ਅਰੱਨ (NHS Ayrshire & Arran) | 0800 169 1441 | www.nhsayrshireandarran.com |
| ਪਰੌਕਿਉਰੇਟਰ ਫਿਸਕਲ (Procurator Fiscal) | 01563 556 613 | www.copfs.gov.uk |

| | | |
|---|---|---|
| ਪੂਰਬ ਆਰਿਇਸ਼ਰ ਰਕੌਂਸਲ (East Ayrshire Council) | 0845 724 0000 | www.east-ayrshire.gov.uk |
| ਉੱਤਰ ਆਰਿਇਸ਼ਰ ਕੌਂਸਲ (North Ayrshire Council) | 0845 603 0590 | www.north-ayrshire.gov.uk |
| ਦੱਖਣ ਆਰਿਇਸ਼ਰ ਕੌਂਸਲ (South Ayrshire Council) | 0845 601 2020 | www.south-ayrshire.gov.uk |

**ਸਰਵੇਖਣ ਨੇ ਆਖਿਆ** – ਕਿ ਨਸਲੀ ਘੱਟ ਗਿਣਤੀ ਭਾਈਚਾਰੇ ਜਨਤਕ ਸੇਵਾਵਾਂ ਵਿੱਚ ਕੰਮ ਕਰਨ ਪ੍ਰਤੀ ਵਿਚਾਰ ਕਰਨ ਬਾਰੇ ਉਸਾਰਾਤਮਕ ਹਨ।

**ਅਸੀਂ ਇਹ ਕੁੱਝ ਕੀਤਾ** – ਸਾਂਝਦਾਰੀ ਨੇ ਨੌਕਰੀ ਮੇਲੇ ਦਾ ਪ੍ਰਬੰਧ ਕੀਤਾ ਜੋ ਜੂਨ 2008 ਵਿੱਚ ਲਾਇਆ ਗਿਆ ਸੀ ਅਤੇ ਜੋ ਜਨਤਕ ਸੇਵਾਵਾਂ ਵਿੱਚ ਅਲੱਗ ਅਲੱਗ ਪ੍ਰਕਾਰ ਦੇ ਨੌਕਰੀਆਂ ਲਈ ਮੌਕੇ ਪ੍ਰਦ੍ਰਸ਼ਤ ਕੀਤੇ ਹੋਏ ਸਨ ਉਨ੍ਹਾਂ ਬਾਰੇ ਵਿਚਾਰ ਕਰਨ ਲਈ ਸਥਾਨਿਕ ਭਾਈਚਾਰੇ ਵਿੱਚੋਂ ਕੁੱਝ ਗਿਣਤੀ ਦੇ ਲੋਕਾਂ ਨੂੰ ਲਿਆਓਣ ਵਿੱਚ ਸਫ਼ਲ ਹੋਇਆ ਸੀ। ਸਟਰਾਥਕਲਾਇਡ ਪੁਲਿਸ ਨੇ ਵਿਭਿੰਨਤਾ ਭਰਤੀ ਟੀਮ (Diversity Recruiting Team) ਸਥਾਪਿਤ ਕੀਤੀ ਹੈ ਜੋ ਨਸਲੀ ਘੱਟ ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾ ਨੇਮਬੱਧ ਸੜਕ ਪ੍ਰਦਰਸ਼ਨੀਆਂ ਕਰਦੀ ਹੈ।

**ਅੱਗਲੇ ਪੜਾ**

ਸੱਭ ਬਰਾਬਰੀ ਸਮੂਹਾਂ ਭਰ ਵਿੱਚ ਅਗਾਂਹ ਦੇ ਸਮੇਂ ਦੌਰਾਨ ਆਪਣਾ ਕੰਮ ਅਗਾਂਹ ਲਿਜਾਣ ਲਈ ਆਇਰਸ਼ਰ ਬਰਾਬਰੀ ਸਾਂਝਦਾਰੀ ਆਪਣੀਆਂ ਅਲੱਗ ਅਲੱਗ ਤਜਵੀਜ਼ਾਂ ਬਾਰੇ ਮੁੜਵਿਚਾਰ ਕਰ ਰਹੀ ਹੈ ਤਾਂ ਕਿ ਆਇਰਸ਼ਰ ਸੱਭ ਲਈ ਰਹਿਣ, ਕੰਮ ਕਰਨ ਅਤੇ ਦੌਰਾ ਕਰਨ ਲਈ ਇੱਕ ਸੁਆਗਤੀ ਥਾਂ ਬਣਿਆ ਰਹੇ।